# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਮੋਹਾਲੀ,

ਈਮੇਲ: directorscert@punjabeducation.gov.in, ਫੋਨ ਨੰ: 0172-2212221

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ. ਅਤੇ ਐ.ਸਿ.)

ਸਮੂਹ ਡਾਇਟ ਪ੍ਰਿੰਸੀਪਲ

ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ

ਸਮੂਹ ਸਕੂਲ ਮੁਖੀ (ਵੈੱਬਸਾਈਟ ਰਾਹੀਂ)

ਪੰਜਾਬ।

ਮੀਮੋ ਨੰ: SCERT/QP/UP/2023/298791

ਮਿਤੀ: ਐਸ.ਏ.ਐਸ.ਨਗਰ, 23-10-2023

**ਵਿਸ਼ਾ: ਮਿਸ਼ਨ ਸਮਰੱਥ ਤਹਿਤ ਵਿਦਿਆਰਥੀਆਂ ਦੇ ਪੱਧਰ ਦੀ ਜਾਂਚ ਅਤੇ ਸਕੂਲ ਦੇ ਟਾਈਮ-ਟੇਬਲ adjustment ਸੰਬੰਧੀ ਜਰੂਰੀ ਹਦਾਇਤਾਂ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਕੂਲ ਸਿਖਿਆ ਵਿਭਾਗ, ਪੰਜਾਬ ਵੱਲੋਂ ਤੀਜੀ ਤੋਂ ਅੱਠਵੀਂ ਜਮਾਤਾਂ ਦੇ ਵਿਦਿਆਰਥੀਆਂ ਦੀਆਂ ਪੰਜਾਬੀ, ਅੰਗਰੇਜੀ ਅਤੇ ਗਣਿਤ ਵਿਸ਼ੇ ਦੇ ਮੁਢੱਲੇ ਸੰਕਲਪਾਂ ਅਤੇ ਕੁਸ਼ਲਤਾਵਾਂ ਨੂੰ ਪਰਿਪੱਕ ਕਰਨ ਲਈ, 'ਮਿਸ਼ਨ ਸਮਰੱਥ' ਸ਼ੁਰੂ ਕੀਤਾ ਜਾ ਰਿਹਾ ਹੈ। 'ਮਿਸ਼ਨ ਸਮਰੱਥ' ਤਹਿਤ ਵਿਦਿਆਰਥੀਆਂ ਨੂੰ Teaching at the Right Level (TaRL) approach ਦੇ ਆਧਾਰ ਤੇ ਪੜ੍ਹਾਇਆ ਜਾਵੇਗਾ।

3.0 ਮਿਸ਼ਨ ਸਮਰੱਥ ਦੇ ਸ਼ੁਰੂ ਹੋਣ ਤੋਂ ਪਹਿਲਾ ਵਿਦਿਆਰਥੀਆਂ ਦਾ ਸਹੀ ਪੱਧਰ ਜਾਚਣ ਲਈ ਅਧਿਆਪਕਾਂ ਵੱਲੋਂ ਹਰੇਕ ਵਿਦਿਆਰਥੀ ਦੀ ਟੈਸਟਿੰਗ ਕੀਤੀ ਜਾਵੇਗੀ। ਇਸ ਲਈ ਸਮੂਹ ਸਕੂਲ ਮੁੱਖੀ ਆਪਣੇ ਸਕੂਲ ਦੇ ਤੀਜੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੇ ਸਿੱਖਣ ਪੱਧਰ ਦੀ ਜਾਂਚ ਅਤੇ ਇਸਦੇ ਅਧਾਰ ਤੇ ਵਿਦਿਆਰਥੀਆਂ ਨੂੰ ਲੈਵਲ-1 (ਬੇਸਿਕ) ਅਤੇ ਲੈਵਲ-2 (ਐਡਵਾਸ) ਵਿੱਚ ਗਰੁਪਿੰਗ ਦਾ ਕੰਮ ਮਿਤੀ 25-10-2023 ਤੱਕ ਮੁਕੰਮਲ ਕਰਨਾ ਯਕੀਨੀ ਬਣਾਉਣਗੇ।

4.0 'ਮਿਸ਼ਨ ਸਮਰੱਥ' ਤਹਿਤ ਜਮਾਤਾਂ ਤੀਜੀ ਤੋਂ ਅੱਠਵੀਂ ਨੂੰ ਪੰਜਾਬੀ, ਗਣਿਤ ਅਤੇ ਅੰਗ੍ਰੇਜੀ ਪੜਾਉਂਦੇ ਅਧਿਆਪਕਾਂ ਦੀ ਟ੍ਰੇਨਿੰਗ ਕਰਵਾਈ ਜਾ ਚੁੱਕੀ ਹੈ ਜਿਸ ਵਿੱਚ ਵਿਦਿਆਰਥੀਆਂ ਦੇ ਪੱਧਰ ਦੀ ਜਾਂਚ ਕਰਨ ਲਈ ਟੈਸਟਿੰਗ, ਵਿਦਿਆਰਥੀਆਂ ਨੂੰ ਪੜ੍ਹਾਉਣ ਦੀ ਵਿਧੀ ਅਤੇ ਲੋੜੀਦੀਆਂ ਗਤੀ-ਵਿਧੀਆਂ ਸ਼ਾਮਲ ਹਨ।

5.0 'ਮਿਸ਼ਨ ਸਮਰੱਥ' ਤਹਿਤ ਸਾਰੇ ਸਕੂਲਾਂ ਵਿੱਚ ਹੇਠ ਲਿਖੇ ਅਨੁਸਾਰ ਟਾਇਮ ਟੇਬਲ ਦੀ Adjustment ਕੀਤੀ ਜਾਵੇਗੀ:

i) **ਪ੍ਰਾਇਮਰੀ ਸਕੂਲਾਂ ਲਈ:** ਪ੍ਰਾਇਮਰੀ ਸਕੂਲਾਂ ਵਿੱਚ 'ਮਿਸ਼ਨ ਸਮਰੱਥ' ਸਕੂਲ ਸਮੇ ਦੇ ਪਹਿਲੇ ਤਿੰਨ ਘੰਟੇ ਚਲਾਇਆ ਜਾਵੇਗਾ। ਪੰਜਾਬੀ, ਗਣਿਤ ਅਤੇ ਅੰਗਰੇਜੀ ਨੂੰ ਹਰ ਰੋਜ਼ ਇਕ ਘੰਟਾ ਪ੍ਰਤੀ ਵਿਸ਼ਾ ਦਿੱਤਾ ਜਾਵੇਗਾ। ਬਾਕੀ ਦੇ ਪੀਰੀਅਡਾਂ ਦੀ ਵੰਡ ਪੱਤਰ ਨਾਲ ਲੱਗੇ SOP's ਅਨੁਸਾਰ ਕਰਕੇ ਬਾਕੀ ਵਿਸ਼ਿਆਂ ਦੀ ਪਾਠਕ੍ਰਮ ਅਨੁਸਾਰ ਆਮ ਵਾਂਗ ਪੜ੍ਹਾਈ ਕਰਵਾਈ ਜਾਵੇਗੀ।

ii) **ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਲਈ:** ਛੇਵੀਂ ਤੋਂ ਅੱਠਵੀਂ ਜਮਾਤਾਂ ਲਈ 'ਮਿਸ਼ਨ ਸਮਰੱਥ' ਸਕੂਲਾਂ ਵਿੱਚ ਪਹਿਲੇ ਤਿੰਨ ਪੀਰੀਅਡਾਂ ਵਿੱਚ ਚਲਾਇਆ ਜਾਵੇਗਾ ਅਤੇ ਬਾਕੀ ਦੇ ਪੀਰੀਅਡਾਂ ਦੀ ਵੰਡ ਪੱਤਰ ਨਾਲ ਲੱਗੇ SOP's ਅਨੁਸਾਰ ਕਰਕੇ ਬਾਕੀ ਵਿਸ਼ਿਆਂ ਦੀ ਪਾਠਕ੍ਰਮ ਅਨੁਸਾਰ ਆਮ ਵਾਂਗ ਪੜ੍ਹਾਈ ਕਰਵਾਈ ਜਾਵੇਗੀ।

6.0 ਸਮੂਹ ਸਕੂਲ ਮੁਖੀ ਵੱਲੋਂ ਉਪਰੋਕਤ ਅਨੁਸਾਰ ਟਾਈਮ ਟੇਬਲ ਦੀ adjustment ਮਿਤੀ 25-10-2023 ਤਕ ਕਰਨੀ ਯਕੀਨੀ ਬਣਾਈ ਜਾਵੇ।

7.0 'ਮਿਸ਼ਨ ਸਮਰੱਥ' ਤਹਿਤ ਅਧਿਆਪਕਾਂ ਲਈ ਤਿੰਨੇ ਵਿਸ਼ਿਆਂ ਦੇ ਮਡਿਊਲ ਅਤੇ ਵਿਦਿਆਰਥੀਆਂ ਲਈ ਤਿੰਨੇ ਵਿਸ਼ਿਆਂ ਦੀਆਂ ਵਰਕਸ਼ੀਟਾਂ ਤਿਆਰ ਕੀਤੀਆ ਗਈਆ ਹਨ।

i) ਇਹ ਮੈਟੀਰੀਅਲ ਹੈਡ ਆਫਿਸ ਵੱਲੋਂ ਬਲਾਕ ਪੱਧਰ ਤੇ ਭੇਜਿਆ ਜਾਵੇਗਾ।

ii) ਬਲਾਕ ਪੱਧਰ ਤੇ ਮੈਟੀਰੀਅਲ ਦੀ ਕੁਆਲਿਟੀ ਚੈੱਕ ਕਰਕੇ ਸਕੂਲਾਂ ਵਿੱਚ ਪਹੁੰਚਾਉਣ ਦਾ ਕੰਮ DEO (SE), DEO (EE), ਸੰਬੰਧਤ BNO's ਅਤੇ ਸੰਬੰਧਤ BPEOs ਦੀ ਦੇਖ-ਰੇਖ ਵਿੱਚ ਕੀਤਾ ਜਾਵੇਗਾ।

iii) ਮੈਟੀਰਿਅਲ ਸਕੂਲਾਂ ਵਿੱਚ ਪਹੁੰਚਣ ਤੋਂ ਬਾਅਦ DEO (SE) ਅਤੇ DEO (EE) ਵੱਲੋਂ ਇਸ ਦੀ ਵਿਸਤ੍ਰਿਤ ਰਿਪੋਰਟ ਹੈਡਆਫਿਸ ਵਿੱਚ ਭੇਜਣੀ ਯਕੀਨੀ ਬਣਾਈ ਜਾਵੇ ਅਤੇ ਇਹ email id (missionsamrath@punjabeducation.gov.in) ਤੇ ਭੇਜੀ ਜਾਵੇ।

8.0 ਸਮੂਹ DEO (SE), DEO (EE), BPEOs ਅਤੇ CHTs ਵੱਲੋਂ ਸਕੂਲ ਮੁਖੀਆਂ, BNOs ਨਾਲ ਮੀਟਿੰਗ ਮਿਤੀ 25-10-2023 ਤੱਕ ਮੀਟਿੰਗ ਕਰਨੀ ਯਕੀਨੀ ਬਣਾਈ ਜਾਵੇਗੀ, ਜਿਸ ਵਿੱਚ 'ਮਿਸ਼ਨ ਸਮਰੱਥ' ਦੇ ਟੀਚੇ, ਸੰਚਾਲਨ ਅਤੇ ਮੋਨਿਟਰਿੰਗ ਸਬੰਧੀ ਵਿਸਤਾਰ ਨਾਲ ਦੱਸਿਆ ਜਾਵੇਗਾ।

9.0 ਇਸ ਪੱਤਰ ਨਾਲ ਤਿੰਨ ਵਿਸ਼ਿਆਂ ਦੇ ਟੈਸਟਿੰਗ ਟੂਲਜ਼ ਵੀ ਭੇਜੇ ਜਾ ਰਹੇ ਹਨ। ਦੇਖਣ ਵਿੱਚ ਆਇਆ ਹੈ ਕਿ ਕੁੱਝ ਅਧਿਆਪਕਾਂ ਵੱਲੋਂ ਟ੍ਰੇਨਿੰਗ ਦੌਰਾਨ ਸਾਂਝੇ ਕੀਤੇ ਗਏ ਟੈਸਟਿੰਗ ਟੂਲਜ਼ ਦੀ ਵਰਤੋਂ ਨਾਲ ਜਾਂਚ ਕਰਕੇ ਵਿਦਿਆਰਥੀਆਂ ਦਾ ਪੱਧਰ ਨਿਰਧਾਰਿਤ ਕੀਤਾ ਜਾ ਚੁੱਕਿਆ ਹੈ। ਜੇਕਰ ਕਿਸੇ ਅਧਿਆਪਕ ਵੱਲੋਂ ਟ੍ਰੇਨਿੰਗ ਦੌਰਾਨ ਸਾਂਝੇ ਕੀਤੇ ਗਏ ਟੈਸਟਿੰਗ ਟੂਲਜ਼ ਨਾਲ ਜਾਂਚ ਕਰਕੇ

ਵਿਦਿਆਰਥੀਆਂ ਦਾ ਪੱਧਰ ਨਿਰਧਾਰਿਤ ਨਹੀਂ ਕੀਤਾ ਗਿਆ ਹੈ ਤਾਂ ਉਹਨਾਂ ਅਧਿਆਪਕਾਂ ਵੱਲੋਂ ਇਸ ਪੱਤਰ ਨਾਲ ਨੱਥੀ ਟੈਸਟਿੰਗ ਟੂਲਜ਼ ਦੀ ਵਰਤੋਂ ਕਰਕੇ ਟੈਸਟਿੰਗ ਕਰ ਲਈ ਜਾਵੇ।

10.0 ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਟੈਸਟਿੰਗ ਪੱਧਰ ਦਾ ਪੂਰਾ ਰਿਕਾਰਡ ਵਿਸ਼ਾ-ਵਾਰ, ਜਮਾਤ-ਵਾਈਜ਼ ਅਤੇ ਵਿਦਿਆਰਥੀ-ਵਾਈਜ਼ ਰੱਖਿਆ ਜਾਵੇ। ਇਹ ਰਿਕਾਰਡ ਸਟੇਟ ਦੇ ਡਾਟਾ ਪੋਰਟਲ ਤੇ ਅਪਲੋਡ ਕਰਨ ਸੰਬੰਧੀ ਹਦਾਇਤਾਂ ਬਾਦ ਵਿੱਚ ਜਾਰੀ ਕੀਤੀਆਂ ਜਾਣਗੀਆਂ।

11.0 ਮਿਸ਼ਨ ਸਮਰੱਥ ਸੰਬੰਧੀ ਕੋਈ ਵੀ ਜਾਣਕਾਰੀ ਲਈ SCERT ਦੇ Toll Free number 1800 180 2139 ਤੇ ਕਾੱਲ ਕੀਤੀ ਜਾ ਸਕਦੀ ਹੈ।

12.0 ਉਪਰੋਕਤ ਹਦਾਇਤਾਂ ਸਮਰੱਥ ਅਧਿਕਾਰੀਆਂ ਦੀ ਪ੍ਰਵਾਨਗੀ ਨਾਲ ਜਾਰੀ ਕੀਤੀਆਂ ਜਾ ਰਹੀਆਂ ਹਨ। ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

**ਨੱਥੀ:** ਟੈਸਟਿੰਗ ਟੂਲਜ਼ ਅਤੇ ਐਸ.ਓ.ਪੀਜ਼ (ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ)

ਡਾਇਰੈਕਟਰ
**ਐਸ.ਸੀ.ਈ.ਆਰ.ਟੀ, ਪੰਜਾਬ।**

**ਪਿਠ ਅੰਕਣ ਨੰ:** ਉਕਤ **ਮਿਤੀ:** ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਪੀ.ਏ ਟੂ ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਗ), ਪੰਜਾਬ
3. ਪੀ.ਏ ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
4. ਪੀ.ਏ ਟੂ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ
5. ਪੀ.ਏ ਟੂ ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ), ਪੰਜਾਬ
6. ਸਮੂਹ ਉੱਪ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ. ਅਤੇ ਐ.ਸਿ.)
7. ਸਮੂਹ ਜ਼ਿਲ੍ਹਾ ਨੋਡਲ ਅਫਸਰ (ਮੁਖ ਦਫਤਰ)
8. DM (MIS)- website ਤੇ ਅਪਲੋਡ ਕਰਨ ਲਈ।

ਡਾਇਰੈਕਟਰ
**ਐਸ.ਸੀ.ਈ.ਆਰ.ਟੀ, ਪੰਜਾਬ।**

# ਮਿਸ਼ਨ ਸਮਰਥ - ਟੈਸਟਿੰਗ ਟੂਲ

**ਜਮਾਤ 3 ਤੋਂ 8 ਲਈ**




## ਵਿਸ਼ਾ ਸੂਚੀ


1. **ਨਮੂਨਾ 1**
   - ਭਾਸ਼ਾ ਦੀ ਜਾਂਚ
   - ਗਣਿਤ ਦੀ ਜਾਂਚ
   - ਅੰਗਰੇਜ਼ੀ ਦੀ ਜਾਂਚ

2. **ਨਮੂਨਾ 2**
   - ਭਾਸ਼ਾ ਦੀ ਜਾਂਚ
   - ਗਣਿਤ ਦੀ ਜਾਂਚ
   - ਅੰਗਰੇਜ਼ੀ ਦੀ ਜਾਂਚ


ਇਸ ਪੁਸਤਿਕਾ ਵਿੱਚ ਭਾਸ਼ਾ, ਗਣਿਤ ਅਤੇ ਅੰਗਰੇਜ਼ੀ ਟੂਲ ਦੇ 2-2 ਸੈਂਪਲ ਹਨ।
ਜਮਾਤ ਵਿੱਚ ਹਰੇਕ ਬੱਚੇ ਲਈ ਵੱਖ-ਵੱਖ ਸੈਂਪਲ ਦੀ ਵਰਤੋਂ ਕਰੋ।

# ਪੜ੍ਹਨ ਦੀ ਜਾਂਚ SAMPLE (1)

## ਕਹਾਣੀ

ਹਰਨੂਰ ਸ਼ਹਿਰ ਵਿੱਚ ਕੰਮ ਕਰਦਾ ਹੈ। ਉਹ ਕੁਝ ਦਿਨਾਂ ਲਈ ਪਿੰਡ ਆਇਆ। ਉਹ ਪਿੰਡ ਵਾਲਿਆਂ 'ਤੇ ਹੈਰਾਨ ਸੀ। ਪਿੰਡ ਦਾ ਤਲਾਬ ਬਹੁਤ ਗੰਦਾ ਸੀ। ਕੋਈ ਉਸ 'ਤੇ ਧਿਆਨ ਨਹੀਂ ਦੇ ਰਿਹਾ ਸੀ। ਹਰਨੂਰ ਨੇ ਪੰਚਾਇਤ ਨਾਲ ਗੱਲ ਕੀਤੀ। ਪੰਚਾਇਤ ਨੇ ਸਭਾ ਬੁਲਾਈ। ਹਰ ਘਰ ਦਾ ਇੱਕ ਮੈਂਬਰ ਉੱਥੇ ਆਇਆ। ਸਭ ਨੇ ਮਿਲ ਕੇ ਤਲਾਬ ਦੀ ਸਫ਼ਾਈ ਕਰਨ ਦਾ ਫੈਸਲਾ ਕੀਤਾ।

## ਪੈਰ੍ਹਾ

ਲੋਹੜੀ ਦਾ ਦਿਨ ਸੀ।
ਪਵਨ ਨੇ ਪੰਜ ਪਤੰਗ ਖ਼ਰੀਦੇ।
ਰਮੇਸ਼ ਡੋਰ ਲੈ ਕੇ ਆਇਆ।
ਸਭ ਨੇ ਮਿਲ ਕੇ ਪਤੰਗ ਉਡਾਏ।

## ਪੈਰ੍ਹਾ

ਪਾਪਾ ਕੱਲ੍ਹ ਸਬਜ਼ੀ ਮੰਡੀ ਗਏ।
ਉਹ ਘਰ ਲਈ ਸਬਜ਼ੀਆਂ ਲਿਆਏ।
ਪਾਪਾ ਖੀਰੇ ਵੀ ਲਿਆਏ।
ਅਸੀਂ ਸ਼ਾਮ ਨੂੰ ਸਲਾਦ ਖਾਧਾ।

# ਪੜ੍ਹਨ ਦੀ ਜਾਂਚ SAMPLE (1)

## ਅੱਖਰ

ਠ ਙ ਹ

ਵ ਬ

ਨ ਢ ਜ

ਸ ਕ

ਪੰਜ ਪੁੱਛੋ, 5 ਵਿੱਚੋਂ 4 ਸਹੀ ਹੋਣੇ ਚਾਹੀਦੇ ਹਨ।

## ਸ਼ਬਦ

ਚੂਹਾ ਤੂਰ

ਸੀਟੀ

ਦਿਨ ਪੈਸਾ

ਕੇਲਾ ਪੌਦਾ

ਮੋਰ

ਚਾਰ ਮਾਸੀ

ਪੰਜ ਪੁੱਛੋ, 5 ਵਿੱਚੋਂ 4 ਸਹੀ ਹੋਣੇ ਚਾਹੀਦੇ ਹਨ।

# ਗਣਿਤ ਦੀ ਜਾਂਚ SAMPLE (1)

| ਅੰਕ ਪਹਿਚਾਣ<br>1-9 | ਸੰਖਿਆ ਪਹਿਚਾਣ<br>10-99 | ਘਟਾਉ | ਭਾਗ |
|---|---|---|---|
| 1, 4 | 96, 15 | 82 − 64 = ___<br>51 − 28 = ___ | 8 ) 994 |
| 7, 3 | 24, 61 | 37 − 18 = ___<br>66 − 28 = ___ | 6 ) 758 |
| 6, 9 | 74, 46 | 73 − 57 = ___<br>42 − 17 = ___ | 7 ) 863 |
| 5, 2 | 39, 89 | 98 − 79 = ___<br>75 − 58 = ___ | 4 ) 551 |
| | 52, 27 | | |

| ਅੰਕ ਪਹਿਚਾਣ | ਸੰਖਿਆ ਪਹਿਚਾਣ | ਘਟਾਉ | ਭਾਗ |
|---|---|---|---|
| ਬੱਚੇ ਨੂੰ ਕੋਈ ਵੀ 5 ਅੰਕ ਪਹਿਚਾਣਨ ਲਈ ਕਹੋ, ਘੱਟ ਤੋਂ ਘੱਟ 4 ਸਹੀ ਹੋਣੇ ਚਾਹੀਦੇ ਹਨ। | ਬੱਚੇ ਨੂੰ ਕੋਈ ਵੀ 5 ਸੰਖਿਆਵਾਂ ਪਹਿਚਾਣਨ ਲਈ ਕਹੋ, ਘੱਟ ਤੋਂ ਘੱਟ 4 ਸਹੀ ਹੋਣੀਆਂ ਚਾਹੀਦੀਆਂ ਹਨ। | ਬੱਚੇ ਨੂੰ ਕੋਈ ਵੀ 2 ਘਟਾਉ ਦੇ ਸਵਾਲ ਕਰਨ ਲਈ ਕਹੋ, ਦੋਵੇਂ ਹੀ ਸਹੀ ਹੋਣੇ ਚਾਹੀਦੇ ਹਨ। | ਬੱਚੇ ਨੂੰ ਕੋਈ ਵੀ 1 ਭਾਗ ਦਾ ਸਵਾਲ ਕਰਨ ਲਈ ਕਹੋ। ਉਹ ਸਹੀ ਹੋਣਾ ਚਾਹੀਦਾ ਹੈ। |

# ENGLISH READING TEST (Sample 1)

**ADMINISTER THIS TOOL WITH ALL CHILDREN INDIVIDUALLY AND MARK THEM AT THEIR HIGHEST LEVEL**

## Capital Letter

Ask the child to read all the letters. At least 5 must be correct.

| | | | | | | | |
|---|---|---|---|---|---|---|---|
| C | M | V | J | L | T | O | E |

## Small Letter

Ask the child to read all the letters. At least 5 must be correct.

| | | | | | | | |
|---|---|---|---|---|---|---|---|
| g | m | z | d | k | u | t | a |

## Word

Ask the child to read all the words. At least 4 must be correct.

dog

nose

ball

key

run

play

## Sentence

Ask the child to read all the sentences. At least 2 must be correct.

Where is the cap?

She has a red mat.

Rima sat on a bench.

Hina plays with a doll.

## Paragraph

Ask the child to read the paragraph. Listen carefully while the child is reading and mark him/her accordingly.

**This is a small forest. There are trees in the forest. The trees are tall. They are green.**

# ਪੜ੍ਹਨ ਦੀ ਜਾਂਚ SAMPLE (2)

## ਕਹਾਣੀ

ਸਿਮਰਨ ਅੱਜ ਸਕੂਲ ਨਹੀਂ ਆਈ। ਅਧਿਆਪਕ ਉਸ ਦੇ ਬਾਰੇ ਪੁੱਛ ਰਹੇ ਸਨ। ਖੇਡਣ ਸਮੇਂ ਗਗਨ ਨੂੰ ਵੀ ਉਸ ਦੀ ਯਾਦ ਆਈ। ਉਹ ਸਿਮਰਨ ਦੀ ਪੱਕੀ ਸਹੇਲੀ ਹੈ। ਸ਼ਾਮ ਵੇਲੇ ਗਗਨ ਉਸ ਦੇ ਘਰ ਗਈ। ਸਿਮਰਨ ਨੂੰ ਬਹੁਤ ਤੇਜ਼ ਬੁਖ਼ਾਰ ਸੀ। ਉਸ ਦੇ ਮੰਮੀ ਨੇ ਦੱਸਿਆ- ਸਿਮਰਨ ਕੱਲ੍ਹ ਬਜ਼ਾਰ ਗਈ ਸੀ। ਉੱਥੇ ਉਸ ਨੇ ਕੁਲਚਾ ਖਾਧਾ। ਸ਼ਾਇਦ ਕੁਲਚੇ ਨੂੰ ਖਾ ਕੇ ਬੀਮਾਰ ਹੋ ਗਈ।

## ਪੈਰ੍ਹਾ

ਪਿੰਡ ਵਿੱਚ ਇੱਕ ਤਲਾਬ ਹੈ।
ਉੱਥੇ ਕਈ ਲੋਕ ਜਾਂਦੇ ਹਨ।
ਰਾਜੂ ਉੱਥੇ ਤੈਰਨਾ ਸਿੱਖਦਾ ਹੈ।
ਸਭ ਬਹੁਤ ਮਸਤੀ ਕਰਦੇ ਹਨ।

## ਪੈਰ੍ਹਾ

ਜੂਨ ਦਾ ਮਹੀਨਾ ਸੀ।
ਬਹੁਤ ਗਰਮੀ ਪੈ ਰਹੀ ਸੀ।
ਜੀਤੂ ਨਵਾਂ ਪੱਖਾ ਲਿਆਇਆ।
ਪੱਖਾ ਬਹੁਤ ਠੰਢੀ ਹਵਾ ਦਿੰਦਾ ਹੈ।

# ਪੜ੍ਹਨ ਦੀ ਜਾਂਚ SAMPLE (2)

## ਅੱਖਰ

ਦ ਟ ਝ

ਖ ੲ

ਰ ਤ ਘ

ਫ ਨ

ਪੰਜ ਪੁੱਛੋ, 5 ਵਿੱਚੋਂ 4 ਸਹੀ ਹੋਣੇ ਚਾਹੀਦੇ ਹਨ।

## ਸ਼ਬਦ

ਮੇਲਾ ਸੈਨਾ

ਸਿਰ

ਪਿਤਾ ਗੁਣ

ਭਾਲੂ ਦਾਲ

ਜੋੜ

ਕੌੜਾ ਚੀਨੀ

ਪੰਜ ਪੁੱਛੋ, 5 ਵਿੱਚੋਂ 4 ਸਹੀ ਹੋਣੇ ਚਾਹੀਦੇ ਹਨ।

# ਗਣਿਤ ਦੀ ਜਾਂਚ SAMPLE (2)

| ਅੰਕ ਪਹਿਚਾਣ 1-9 | | ਸੰਖਿਆ ਪਹਿਚਾਣ 10-99 | | ਘਟਾਉ | | ਭਾਗ |
|---|---|---|---|---|---|---|
| 5 | 7 | 94 | 11 | 71 − 53 | 57 − 18 | 7 ) 872 ( |
| 8 | 4 | 26 | 87 | 92 − 68 | 36 − 19 | 6 ) 741 ( |
| | | 76 | 35 | | | |
| 2 | 9 | 48 | 63 | 85 − 56 | 41 − 27 | 4 ) 577 ( |
| 3 | 1 | 54 | 29 | 62 − 37 | 88 − 69 | 8 ) 997 ( |

| | | | |
|---|---|---|---|
| ਬੱਚੇ ਨੂੰ ਕੋਈ ਵੀ 5 ਅੰਕ ਪਹਿਚਾਣਨ ਲਈ ਕਹੋ, ਘੱਟ ਤੋਂ ਘੱਟ 4 ਸਹੀ ਹੋਣੇ ਚਾਹੀਦੇ ਹਨ। | ਬੱਚੇ ਨੂੰ ਕੋਈ ਵੀ 5 ਸੰਖਿਆਵਾਂ ਪਹਿਚਾਣਨ ਲਈ ਕਹੋ, ਘੱਟ ਤੋਂ ਘੱਟ 4 ਸਹੀ ਹੋਣੀਆਂ ਚਾਹੀਦੀਆਂ ਹਨ। | ਬੱਚੇ ਨੂੰ ਕੋਈ ਵੀ 2 ਘਟਾਉ ਦੇ ਸਵਾਲ ਕਰਨ ਲਈ ਕਹੋ, ਦੋਵੇਂ ਹੀ ਸਹੀ ਹੋਣੇ ਚਾਹੀਦੇ ਹਨ। | ਬੱਚੇ ਨੂੰ ਕੋਈ ਵੀ 1 ਭਾਗ ਦਾ ਸਵਾਲ ਕਰਨ ਲਈ ਕਹੋ। ਉਹ ਸਹੀ ਹੋਣਾ ਚਾਹੀਦਾ ਹੈ। |

# ENGLISH READING TEST (Sample 2)

**ADMINISTER THIS TOOL WITH ALL CHILDREN INDIVIDUALLY AND MARK THEM AT THEIR HIGHEST LEVEL**

## Capital Letter

Ask the child to read all the letters. At least 5 must be correct.

| | | | | | | | |
|---|---|---|---|---|---|---|---|
| E | O | V | M | H | U | S | J |

## Small Letter

Ask the child to read all the letters. At least 5 must be correct.

| | | | | | | | |
|---|---|---|---|---|---|---|---|
| c | q | n | k | z | t | h | u |

## Word

Ask the child to read all the words. At least 4 must be correct.

fish

hand

pen

bat

fly

come

## Sentence

Ask the child to read all the sentences. At least 2 must be correct.

How is your sister?

She has a small dog.

Raj ate two apples.

Aman writes with a pen.

## Paragraph

Ask the child to read the paragraph. Listen carefully while the child is reading and mark him/her accordingly.

This is a small lake. There are ducks in the lake. The ducks are big. They are white.

SOPs Primary

# ਮਿਸ਼ਨ ਸਮਰੱਥ

## ਦਿਸ਼ਾ-ਨਿਰਦੇਸ਼

## ਜਮਾਤ : ਤੀਜੀ ਤੋਂ ਪੰਜਵੀਂ

## ਸਮਾਂ - 9:00 ਤੋਂ 12:00

## ਵਿਸ਼ੇ : ਪੰਜਾਬੀ, ਗਣਿਤ, ਅੰਗਰੇਜ਼ੀ

ਸਕੂਲ ਸਿੱਖਿਆ ਵਿਭਾਗ, ਪੰਜਾਬ

## ਉਦੇਸ਼ :

- ਜਮਾਤ ਤੀਜੀ ਤੋਂ ਪੰਜਵੀਂ ਦੇ ਵਿਦਿਆਰਥੀਆਂ ਦੀਆਂ ਪੰਜਾਬੀ, ਗਣਿਤ ਅਤੇ ਅੰਗਰੇਜ਼ੀ ਵਿਸ਼ੇ ਦੀਆਂ ਮੁੱਢਲੀਆਂ ਕੁਸ਼ਲਤਾਵਾਂ ਪਰਿਪੱਕ ਕਰਨਾ।
- ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਬੱਚੇ ਨੂੰ ਕਹਾਣੀ ਪੜ੍ਹਨ ਅਤੇ ਗਣਿਤ ਵਿਸ਼ੇ ਵਿੱਚ ਤਿੰਨ ਅੰਕੀ ਭਾਗ ਦੇ ਸਵਾਲ ਕਰਨ ਦੇ ਸਮਰੱਥ ਬਣਾਉਣਾ।

## ਸਕੂਲ ਪ੍ਰਬੰਧ:

ਮਿਸ਼ਨ ਸਮਰੱਥ ਦੌਰਾਨ ਅਧਿਆਪਕ ਦਿੱਤੀ ਸਮਾਂ ਸਾਰਣੀ ਅਨੁਸਾਰ ਮੁੱਢਲੀਆਂ ਕੁਸ਼ਲਤਾਵਾਂ ਨੂੰ ਪਰਿਪੱਕ ਕਰਨ ਦੇ ਨਾਲ਼-ਨਾਲ਼ ਅੱਧੀ ਛੁੱਟੀ ਤੋਂ ਬਾਅਦ ਪਾਠਕ੍ਰਮ ਨਾਲ ਵੀ ਜੋੜ ਕੇ ਰੱਖਣਗੇ।

**ਸਮਾਂ ਸਾਰਣੀ (ਤੀਜੀ ਤੋਂ ਪੰਜਵੀਂ)**

| ਸਮਾਂ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸ਼ਨੀਵਾਰ |
|---|---|---|---|---|---|---|
| 8:30 - 9:00 | ਸਵੇਰ ਦੀ ਸਭਾ | | | | | |
| 9:00 - 10:00 | ਸਮਰੱਥ (ਪੰਜਾਬੀ) | | | | | |
| 10:00 - 11:00 | ਸਮਰੱਥ (ਗਣਿਤ) | | | | | |
| 11:00 - 12:00 | ਸਮਰੱਥ (ਅੰਗਰੇਜੀ) | | | | | |
| 12:00 - 12:30 | **ਅੱਧੀ ਛੁੱਟੀ** | | | | | |
| 12:30 - 1:00 | ਪੰਜਾਬੀ | ਪੰਜਾਬੀ | ਪੰਜਾਬੀ | ਪੰਜਾਬੀ | ਪੰਜਾਬੀ | ਗਣਿਤ |
| 1:00 - 1:30 | ਗਣਿਤ | ਗਣਿਤ | ਗਣਿਤ | ਗਣਿਤ | ਖੇਡਾਂ | ਵਾਤਾਵਰਨ ਸਿੱਖਿਆ |
| 1:30 - 2:00 | ਅੰਗਰੇਜ਼ੀ | ਅੰਗਰੇਜ਼ੀ | ਅੰਗਰੇਜ਼ੀ | ਰੀਡਿੰਗ ਸੈੱਲ | ਅੰਗਰੇਜ਼ੀ | ਬਾਲ ਸਭਾ |
| 2:00 - 2:30 | ਵਾਤਾਵਰਨ ਸਿੱਖਿਆ | ਵਾਤਾਵਰਨ ਸਿੱਖਿਆ | ਵਾਤਾਵਰਨ ਸਿੱਖਿਆ | ਹਿੰਦੀ | ਹਿੰਦੀ | |

| ਸਮਾਂ ਸਾਰਣੀ (ਪਹਿਲੀ ਅਤੇ ਦੂਜੀ) | | | | | | |
|---|---|---|---|---|---|---|
| ਸਮਾਂ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸ਼ਨੀਵਾਰ |
| 8:30 - 9:00 | ਸਵੇਰ ਦੀ ਸਭਾ | | | | | |
| 9:00 - 10:00 | ਪੰਜਾਬੀ | | | | | |
| 10:00 - 11:00 | ਗਣਿਤ | | | | | |
| 11:00 - 12:00 | ਅੰਗਰੇਜ਼ੀ | | | | | |
| 12:00 - 12:30 | **ਅੱਧੀ ਛੁੱਟੀ** | | | | | |
| 12:30 - 1:00 | ਪੰਜਾਬੀ (ਸੁੰਦਰ ਲਿਖਾਈ) | ਪੰਜਾਬੀ (ਸੁੰਦਰ ਲਿਖਾਈ) | ਪੰਜਾਬੀ (ਸੁੰਦਰ ਲਿਖਾਈ) | ਪੰਜਾਬੀ (ਸੁੰਦਰ ਲਿਖਾਈ) | ਪੰਜਾਬੀ (ਸੁੰਦਰ ਲਿਖਾਈ) | ਬਾਲ ਸਭਾ |
| 1:00 - 1:30 | ਗਣਿਤ | ਰੀਡਿੰਗ ਸੈੱਲ | ਗਣਿਤ | ਗਣਿਤ | ਖੇਡਾਂ | |
| 1:30 - 2:00 | ਅੰਗਰੇਜ਼ੀ (Good handwriting) | ਅੰਗਰੇਜ਼ੀ (Good handwriting) | ਖੇਡਾਂ | ਰੀਡਿੰਗ ਸੈੱਲ | ਅੰਗਰੇਜ਼ੀ (Good handwriting) | |

## ਮਿਸ਼ਨ ਸਮਰੱਥ ਦੌਰਾਨ ਜ਼ਿਲ੍ਹਾ ਪੱਧਰ 'ਤੇ ਅਧਿਕਾਰੀਆਂ/ਕਰਮਚਾਰੀਆਂ ਦੀ ਜ਼ਿੰਮੇਵਾਰੀ

### ਮਿਸ਼ਨ ਸਮਰੱਥ ਜ਼ਿਲ੍ਹਾ ਮੋਨੀਟਰਿੰਗ ਕਮੇਟੀ ਦੀ ਬਣਤਰ ਅਤੇ ਜ਼ਿੰਮੇਵਾਰੀ :

- ਮਿਸ਼ਨ ਸਮੱਰਥ ਨੋਡਲ ਅਫ਼ਸਰ (ਸਹਾਇਕ ਡਾਇਰੈਕਟਰ)
- 'ਮਿਸ਼ਨ ਸਮਰੱਥ' ਦੀ ਜ਼ਿਲ੍ਹਾ ਪੱਧਰੀ ਮੋਨੀਟਰਿੰਗ ਕਮੇਟੀ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਡਾਇਟ ਪ੍ਰਿੰਸੀਪਲ, ਜ਼ਿਲ੍ਹੇ ਦੇ ਕੋਈ ਦੋ ਬੀ.ਪੀ.ਈ.ਓਜ਼. ਅਤੇ ਜ਼ਿਲ੍ਹੇ ਦੇ ਕੋਈ ਪੰਜ ਸੀ.ਐੱਚ.ਟੀਜ਼. ਆਪਣੇ ਜ਼ਿਲ੍ਹੇ ਦੀ ਮਿਸ਼ਨ ਸਮਰੱਥ ਦੀ ਕੋਰ ਕਮੇਟੀ ਦੇ ਮੈਂਬਰ ਹੋਣਗੇ।
- ਬੀ.ਪੀ.ਈ.ਓਜ਼./ਸਹਾਇਕ ਬੀ.ਪੀ.ਈ.ਓਜ਼. ਨਾਲ ਹਫ਼ਤਾਵਾਰੀ ਮੀਟਿੰਗ (ਫਿਜ਼ੀਕਲ/ਆਨ ਲਾਈਨ) ਕਰਕੇ ਬਲਾਕਾਂ ਦੀ ਪ੍ਰਗਤੀ ਰਿਪੋਰਟ ਨੂੰ ਰੀਵਿਊ ਕਰਨਾ।
- ਮਿਸ਼ਨ ਸਮਰੱਥ ਦੇ ਸਬੰਧ ਵਿੱਚ ਜ਼ਿਲ੍ਹੇ ਦੇ ਸਕੂਲਾਂ ਦਾ ਦੌਰਾ ਕਰਕੇ ਸਕੂਲ ਮੁਖੀਆਂ ਅਤੇ ਅਧਿਆਪਕਾਂ ਨੂੰ ਮਿਸ਼ਨ ਸਮਰੱਥ ਦੇ ਟੀਚਿਆਂ ਦੀ ਪ੍ਰਾਪਤੀ ਲਈ ਉਤਸ਼ਾਹਿਤ ਕਰਨਾ।
- ਇਹਨਾਂ ਦੌਰਿਆਂ ਦਾ ਮੁੱਖ ਮੰਤਵ ਸਕੂਲਾਂ ਦੇ ਵਿਦਿਆਰਥੀਆਂ ਦੀ ਮਿਸ਼ਨ ਸਮਰੱਥ ਵਿੱਚ ਕਾਰਗੁਜ਼ਾਰੀ/ਪ੍ਰਗਤੀ ਦਾ ਅੰਦਾਜ਼ਾ ਲਗਾਉਣਾ ਅਤੇ ਇਸ ਮਿਸ਼ਨ ਦੇ ਟੀਚੇ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਨਾ।

## ਮਿਸ਼ਨ ਸਮਰੱਥ ਬਲਾਕ ਮੋਨੀਟਰਿੰਗ ਕਮੇਟੀ ਦੀ ਬਣਤਰ ਅਤੇ ਜ਼ਿੰਮੇਵਾਰੀ :

- 'ਮਿਸ਼ਨ ਸਮਰੱਥ' ਦੀ ਬਲਾਕ ਪੱਧਰੀ ਮੋਨੀਟਰਿੰਗ ਕਮੇਟੀ ਵਿੱਚ ਸਬੰਧਤ ਬਲਾਕ ਦਾ ਬੀ.ਪੀ.ਈ.ਓ. ਬਲਾਕ ਨੋਡਲ ਅਫ਼ਸਰ ਹੋਵੇਗਾ। ਬਲਾਕ ਦੇ ਸਾਰੇ ਸੀ.ਐੱਚ.ਟੀਜ਼., ਕੋਈ ਤਿੰਨ ਐੱਚ.ਟੀਜ਼. ਆਪਣੇ ਬਲਾਕ ਦੀ ਮਿਸ਼ਨ ਸਮਰੱਥ ਦੀ ਕੋਰ ਕਮੇਟੀ ਦੇ ਮੈਂਬਰ ਹੋਣਗੇ।
- ਸਟੇਟ ਵੱਲੋਂ ਮਿਸ਼ਨ ਸਮਰੱਥ ਸਬੰਧੀ ਭੇਜੀ ਸਮੱਗਰੀ ਦੀ ਗੁਣਵੱਤਾ ਦੀ ਜਾਂਚ ਕਰਕੇ ਸਮੇਂ-ਸਿਰ ਸਕੂਲਾਂ ਵਿੱਚ ਅਤੇ ਬੱਚਿਆਂ ਤੱਕ ਪਹੁੰਚ ਕਰਵਾਉਣੀ ਯਕੀਨੀ ਬਣਾਉਣਾ।
- ਮਿਸ਼ਨ ਸਮਰੱਥ ਦੇ ਟੀਚੇ, ਮਾਪਦੰਡ, ਟੂਲ ਬਾਰੇ ਪੂਰੀ ਜਾਣਕਾਰੀ ਰੱਖਣਾ।
- ਰੋਜ਼ਾਨਾ ਸਕੂਲਾਂ ਦਾ ਦੌਰਾ ਕਰਨਾ ਅਤੇ ਮੋਨੀਟਰਿੰਗ ਪ੍ਰੋਫਾਰਮਾ ਭਰ ਕੇ ਅਪਲੋਡ ਕਰਨਾ।
- ਆਪਣਾ 15 ਦਿਨ ਦਾ ਸਕੂਲ ਵਿਜ਼ਿਟ ਦਾ ਰੂਟ ਪਲਾਨ ਤਿਆਰ ਕਰਕੇ ਡੀ.ਈ.ਓ. ਨੂੰ ਭੇਜਣਾ ਯਕੀਨੀ ਬਣਾਉਣਾ।
- ਸਕੂਲ ਵਿਜ਼ਿਟ ਦੌਰਾਨ ਬੱਚਿਆਂ ਦੇ ਸਿੱਖਣ ਪੱਧਰਾਂ ਦੀ ਜਾਂਚ ਕਰਨਾ।
- ਜਾਂਚ ਕੀਤੇ ਬੱਚਿਆਂ ਦੀ ਗਿਣਤੀ ਅਤੇ ਪੱਧਰ ਵਿਜ਼ਿਟਰ ਬੁੱਕ ਵਿੱਚ ਦਰਜ਼ ਕਰਨਾ।
- ਬਲਾਕ ਦੇ ਸਕੂਲ ਮੁਖੀਆਂ ਨਾਲ ਹਫ਼ਤਾਵਰੀ ਮੀਟਿੰਗ ਕਰਕੇ ਮਿਸ਼ਨ ਸਮਰੱਥ ਸਬੰਧੀ ਬੱਚਿਆਂ ਦੀ ਪ੍ਰਗਤੀ ਬਾਰੇ ਪਤਾ ਕਰਨਾ।
- ਆਪਣੇ ਬਲਾਕ ਦੇ ਅਧਿਆਪਕਾਂ ਨੂੰ ਉਤਸ਼ਾਹਿਤ ਕਰਨ ਲਈ ਰੋਜ਼ਾਨਾ ਵੱਟਸਐਪ ਮੈਸਜ਼ ਭੇਜਣਾ।
- ਬਲਾਕ ਨੂੰ ਸਮਰੱਥ ਕਰਨ ਲਈ ਮਲਟੀਗ੍ਰੇਡ ਸਕੂਲਾਂ ਲਈ ਪ੍ਰਬੰਧ ਜਾਂ ਯੋਜਨਾਬੰਦੀ ਕਰਨਾ।

## ਮਿਸ਼ਨ ਸਮਰੱਥ ਕਲੱਸਟਰ ਮੋਨੀਟਰਿੰਗ ਕਮੇਟੀ ਦੀ ਬਣਤਰ ਅਤੇ ਜ਼ਿੰਮੇਵਾਰੀ :

- 'ਮਿਸ਼ਨ ਸਮਰੱਥ' ਦੀ ਕਲੱਸਟਰ ਪੱਧਰੀ ਮੋਨੀਟਰਿੰਗ ਕਮੇਟੀ ਵਿੱਚ ਸਬੰਧਤ ਕਲੱਸਟਰ ਦਾ ਸੀ.ਐੱਚ.ਟੀ./ਇੰਚਾਰਜ ਸੀ.ਐੱਚ.ਟੀ. ਕਲੱਸਟਰ ਨੋਡਲ ਅਫ਼ਸਰ ਹੋਵੇਗਾ। ਕਲਸੱਟਰ ਦੇ ਸਾਰੇ ਐੱਚ.ਟੀਜ਼., ਆਪਣੇ ਕਲੱਸਟਰ ਦੀ ਮਿਸ਼ਨ ਸਮਰੱਥ ਦੀ ਕੋਰ ਕਮੇਟੀ ਦੇ ਮੈਂਬਰ ਹੋਣਗੇ।
- ਮਿਸ਼ਨ ਸਮਰੱਥ ਦੇ ਟੀਚੇ, ਮਾਪਦੰਡ, ਟੂਲ ਬਾਰੇ ਪੂਰੀ ਜਾਣਕਾਰੀ ਰੱਖਣਾ।
- ਆਪਣਾ 15 ਦਿਨ ਦਾ ਸਕੂਲ ਵਿਜ਼ਿਟ ਦਾ ਰੂਟ ਪਲਾਨ ਤਿਆਰ ਕਰਕੇ ਬੀ.ਪੀ.ਈ.ਓ. ਨੂੰ ਭੇਜਣਾ ਯਕੀਨੀ ਬਣਾਉਣਾ।
- ਸਕੂਲ ਵਿਜ਼ਿਟ ਦੌਰਾਨ ਬੱਚਿਆਂ ਦੇ ਪੱਧਰ ਦੀ ਜਾਂਚ ਕਰਨਾ।
- ਜਾਂਚ ਕੀਤੇ ਬੱਚਿਆਂ ਦੀ ਗਿਣਤੀ ਅਤੇ ਪੱਧਰ ਵਿਜ਼ਿਟਰ ਬੁੱਕ ਵਿੱਚ ਦਰਜ਼ ਕਰਨਾ।
- ਮਿਸ਼ਨ ਸਮਰੱਥ ਦੇ ਵਿਸ਼ਾਵਾਰ ਪੱਧਰ ਅਨੁਸਾਰ ਬਣਾਏ ਬੱਚਿਆਂ ਦੇ ਗਰੁੱਪਾਂ ਬਾਰੇ ਪੂਰੀ ਜਾਣਕਾਰੀ ਰੱਖਣਾ।
- ਮਿਸ਼ਨ ਸਮਰੱਥ ਦੀ ਸਿੱਖਣ-ਸਿਖਾਉਣ ਸਮੱਗਰੀ ਦੀ ਸਕੂਲਾਂ ਵਿੱਚ ਵਰਤੋਂ ਯਕੀਨੀ ਬਣਾਉਣਾ।

- ਮਿਸ਼ਨ ਸਮਰੱਥ ਦੀ ਸਫ਼ਲਤਾ ਲਈ ਅਧਿਆਪਕ ਅਤੇ ਵਿਦਿਆਰਥੀਆਂ ਲਈ ਉਪਲੱਬਧ ਮਟੀਰੀਅਲ ਸਬੰਧੀ ਪੂਰੀ ਜਾਣਕਾਰੀ ਰੱਖਣਾ।
- ਸੀ.ਐੱਚ.ਟੀਜ਼. ਸੈਂਟਰ ਦੇ ਸਕੂਲ ਮੁਖੀਆਂ ਨਾਲ ਹਫ਼ਤਾਵਰੀ ਮੀਟਿੰਗ ਕਰਕੇ ਮਿਸ਼ਨ ਸਮਰੱਥ ਸਬੰਧੀ ਬੱਚਿਆਂ ਦੀ ਪ੍ਰਗਤੀ ਬਾਰੇ ਪਤਾ ਕਰਨਾ।
- ਵਧੀਆ ਕਾਰਗੁਜ਼ਾਰੀ ਵਾਲੇ ਸਕੂਲਾਂ ਵੀਡੀਓ/ਰਿਪੋਰਟ ਕਲੱਸਟਰ ਦੇ ਗਰੁੱਪਾਂ ਅਤੇ ਵਿਭਾਗ ਨਾਲ ਸਾਂਝੀਆਂ ਕਰਨਾ।

## ਮੁੱਖ ਅਧਿਆਪਕ :

- ਵਿਦਿਆਰਥੀਆਂ ਅਤੇ ਮਾਪਿਆਂ/ਕਮਿਊਨਿਟੀ ਨੂੰ ਫ਼ੋਨ ਕਾਲ/ਆਡੀਓ/ਵੀਡੀਓ ਮੈਸਿਜ ਰਾਹੀਂ ਮਿਸ਼ਨ ਸਮਰੱਥ ਬਾਰੇ ਜਾਣਕਾਰੀ ਦੇਣਾ।
- ਅਧਿਆਪਕ ਸਿਖਲਾਈ ਤੋਂ ਬਾਅਦ ਆਪਣੇ ਸਕੂਲਾਂ ਦੇ ਤੀਜੀ ਤੋਂ ਪੰਜਵੀਂ ਜਮਾਤ ਦੇ ਸਾਰੇ ਬੱਚਿਆਂ ਦੇ ਸਿੱਖਣ ਪੱਧਰਾਂ ਦੀ ਜਾਂਚ ਸੁਨਿਸ਼ਚਿਤ ਕਰਵਾਉਣਾ।
- ਜਾਂਚ ਉਪਰੰਤ ਜਮਾਤ ਤੀਜੀ ਤੋਂ ਪੰਜਵੀਂ ਦੇ ਬੱਚਿਆਂ ਨੂੰ ਉਨ੍ਹਾਂ ਦੇ ਸਿੱਖਣ ਪੱਧਰ ਅਨੁਸਾਰ ਸਮੂਹਾਂ ਵਿੱਚ ਵੰਡਣਾ।
- ਸਮਾਂ ਸਾਰਨੀ ਅਨੁਸਾਰ ਅੱਧੀ ਛੁੱਟੀ ਤੋਂ ਪਹਿਲਾਂ ਮਿਸ਼ਨ ਸਮਰੱਥ ਤਹਿਤ ਸਿੱਖਣ ਪੱਧਰਾਂ ਅਨੁਸਾਰ ਅਤੇ ਅੱਧੀ ਛੁੱਟੀ ਤੋਂ ਬਾਅਦ ਪਾਠਕ੍ਰਮ/ਸਿਲੇਬਸ ਵੰਡ ਅਨੁਸਾਰ ਕੰਮ ਕਰਵਾਉਣਾ ਯਕੀਨੀ ਬਣਾਉਣਾ।
- ਜਮਾਤ ਪਹਿਲੀ ਅਤੇ ਦੂਜੀ ਦੇ ਵਿਦਿਆਰਥੀਆਂ ਨੂੰ ਦਿੱਤੇ ਪਾਠਕ੍ਰਮ ਅਨੁਸਾਰ ਕੰਮ ਕਰਵਾਉਣਾ।

SOPs Upper Primary

# ਮਿਸ਼ਨ ਸਮਰੱਥ

(ਅਪਰ ਪ੍ਰਾਇਮਰੀ)

## ਦਿਸ਼ਾ-ਨਿਰਦੇਸ਼

**ਜਮਾਤ : ਛੇਵੀਂ ਤੋਂ ਅੱਠਵੀਂ**

**ਸਮਾਂ - ਪਹਿਲੇ ਤਿੰਨ ਪੀਰੀਅਡ**

**ਵਿਸ਼ੇ : ਪੰਜਾਬੀ, ਗਣਿਤ, ਅੰਗਰੇਜ਼ੀ**

ਸਕੂਲ ਸਿੱਖਿਆ ਵਿਭਾਗ, ਪੰਜਾਬ

## ਟੀਚੇ :

- ਜਮਾਤ ਛੇਵੀਂ ਤੋਂ ਅੱਠਵੀਂ ਦੇ ਵਿਦਿਆਰਥੀਆਂ ਦੀਆਂ ਪੰਜਾਬੀ, ਗਣਿਤ ਅਤੇ ਅੰਗਰੇਜ਼ੀ ਵਿਸ਼ੇ ਦੀਆਂ ਮੁਢਲੀਆਂ ਕੁਸ਼ਲਤਾਵਾਂ ਨੂੰ ਪਰਿਪੱਕ ਕਰਨਾ।
- ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਬੱਚੇ ਨੂੰ ਕਹਾਣੀ ਪੜ੍ਹਨ ਅਤੇ ਗਣਿਤ ਵਿਸ਼ੇ ਵਿੱਚ ਤਿੰਨ ਅੰਕੀ ਭਾਗ ਦੇ ਸਵਾਲ ਕਰਨ ਦੇ ਸਮਰੱਥ ਬਣਾਉਣਾ।

## ਸਕੂਲ ਪ੍ਰਬੰਧ :

ਮਿਸ਼ਨ 'ਸਮਰੱਥ' ਦੌਰਾਨ ਅਧਿਆਪਕ ਪਹਿਲੇ ਤਿੰਨ ਪੀਰੀਅਡਾਂ ਵਿੱਚ ਮਿਸ਼ਨ ਸਮਰੱਥ ਤਹਿਤ ਮੈਥ, ਪੰਜਾਬੀ ਅਤੇ ਅੰਗਰੇਜੀ ਵਿਸ਼ੇ ਦੀਆਂ ਮੁਢਲੀਆਂ ਕੁਸ਼ਲਤਾਵਾਂ ਨੂੰ ਪਰਿਪੱਕ ਕਰਨਗੇ ਅਤੇ ਬਾਕੀ ਦੇ ਪੀਰੀਅਡਾਂ ਵਿੱਚ ਵੱਖ-ਵੱਖ ਵਿਸ਼ਿਆਂ ਨੂੰ ਆਮ ਵਾਂਗ ਪਾਠਕ੍ਰਮ ਅਨੁਸਾਰ ਪੜ੍ਹਾਉਣਗੇ।

| **ਸਮਾਂ-ਸਾਰਨੀ (ਛੇਵੀਂ ਤੋਂ ਅੱਠਵੀਂ) – ਸਾਰੇ ਪੀਰੀਅਡ 40 ਮਿੰਟ ਦੇ** | | | | | | |
|---|---|---|---|---|---|---|
| ਸਮਾਂ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸ਼ਨੀਵਾਰ |
| | **ਸਵੇਰ ਦੀ ਸਭਾ** | | | | | |
| **ਪਹਿਲਾ ਪੀਰੀਅਡ** | **ਮਿਸ਼ਨ ਸਮਰੱਥ ਦਾ ਕੋਈ ਇੱਕ ਵਿਸ਼ਾ** | | | | | |
| **ਦੂਜਾ ਪੀਰੀਅਡ** | **ਮਿਸ਼ਨ ਸਮਰੱਥ ਦਾ ਕੋਈ ਇੱਕ ਵਿਸ਼ਾ** | | | | | |
| **ਤੀਜਾ ਪੀਰੀਅਡ** | **ਮਿਸ਼ਨ ਸਮਰੱਥ ਦਾ ਕੋਈ ਇੱਕ ਵਿਸ਼ਾ** | | | | | |
| **ਚੌਥਾ ਪੀਰੀਅਡ** | - | - | - | - | - | - |
| **ਪੰਜਵਾਂ ਪੀਰੀਅਡ** | - | - | - | - | - | |
| | **ਅੱਧੀ ਛੁੱਟੀ** | | | | | |
| **ਛੇਵਾਂ ਪੀਰੀਅਡ** | - | - | - | - | - | - |
| **ਸੱਤਵਾਂ ਪੀਰੀਅਡ** | - | - | - | - | - | - |
| **ਅੱਠਵਾਂ ਪੀਰੀਅਡ** | - | - | - | - | - | - |

**ਨੋਟ :** ਸਕੂਲ ਮੁਖੀ ਛੇਵੀਂ ਤੋਂ ਅੱਠਵੀਂ ਜਮਾਤ ਲਈ ਸਮਾਂ-ਸਾਰਨੀ ਵਿੱਚ ਪਹਿਲੇ ਤਿੰਨ ਪੀਰੀਅਡ ਮਿਸ਼ਨ ਸਮਰੱਥ ਦੇ ਤਿੰਨੋ ਵਿਸ਼ਿਆਂ ਦਾ ਪੜ੍ਹਾਉਣਾ ਲਾਜ਼ਮੀ ਬਣਾਉਣਗੇ। ਚੌਥੇ ਤੋਂ ਅੱਠਵੇਂ ਪੀਰੀਅਡਾਂ ਦੀ ਸਮਾਂ-ਸਾਰਨੀ ਅੱਗੇ ਦਿੱਤੀ ਸਾਰਨੀ ਅਨੁਸਾਰ ਸੈੱਟ ਕਰਵਾਉਣਗੇ।

***ਜੇਕਰ ਕਿਸੇ ਸਕੂਲ ਵਿੱਚ ਅਧਿਆਪਕਾਂ ਦੀ ਘਾਟ ਹੈ ਜਾਂ ਵਿਦਿਆਰਥੀਆਂ ਦੀ ਸੰਖਿਆ ਬਹੁਤ ਜ਼ਿਆਦਾ ਹੋਣ ਕਾਰਨ ਉਕਤ ਅਨੁਸਾਰ ਸਮਾਂ-ਸਾਰਨੀ ਬਣਾਉਣ ਵਿੱਚ ਮੁਸ਼ਕਲ ਆਉਂਦੀ ਹੈ ਤਾਂ ਸਕੂਲ ਮੁਖੀ ਸੰਬੰਧਿਤ ਜ਼ਿਲ੍ਹੇ ਦੇ DEO(SE) ਦੀ ਸਹਿਮਤੀ ਨਾਲ ਸਮਾਂ-ਸਾਰਨੀ ਆਪਣੇ ਅਨੁਸਾਰ ਸੈੱਟ ਕਰ ਸਕਦੇ ਹਨ।***

## ਵਿਸ਼ਾ-ਵਾਰ ਪੀਰੀਅਡਾਂ ਦੀ ਗਿਣਤੀ:

| ਵਿਸ਼ਾ | ਪੀਰੀਅਡਾਂ ਦੀ ਗਿਣਤੀ (Regular) | ਪੀਰੀਅਡਾਂ ਦੀ ਗਿਣਤੀ (Mission 'SAMRATH')<br>ਨੋਟ: ਇਹ ਵੰਡ ਸਿਰਫ ਮਿਸ਼ਨ ਸਮਰੱਥ ਦੌਰਾਨ ਹੀ ਲਾਗੂ ਹੋਵੇਗੀ |
|---|---|---|
| **ਅੰਗਰੇਜ਼ੀ** | 8 | 9 |
| **ਸਮਾਜਿਕ ਸਿਖਿਆ** | 6 | 6 |
| **ਪੰਜਾਬੀ** | 6 | 8 |
| **ਹਿੰਦੀ** | 4 | 4 |
| **ਗਣਿਤ** | 8 | 9 |
| **ਵਿਗਿਆਨ** | 6 | 6 |
| **ਸਰੀਰਕ ਸਿੱਖਿਆ ਅਤੇ ਸਵਾਗਤ ਜ਼ਿੰਦਗੀ** | 3 | 2 |
| **ਚੋਣਵਾਂ ਵਿਸ਼ਾ** | 3 | 2 |
| **ਕੰਪਿਊਟਰ** | 4 | 2 |
| **ਕੁੱਲ** | 48 | 48 |

## 'ਮਿਸ਼ਨ ਸਮਰੱਥ' ਦੌਰਾਨ ਜ਼ਿਲ੍ਹਾ ਪੱਧਰ 'ਤੇ ਅਧਿਕਾਰੀਆਂ/ ਕਰਮਚਾਰੀਆਂ ਦੀ ਜ਼ਿੰਮੇਵਾਰੀ

### ਜ਼ਿਲ੍ਹਾ ਅਤੇ ਬਲਾਕ ਮੋਨੀਟਰਿੰਗ ਕਮੇਟੀ 'ਮਿਸ਼ਨ ਸਮਰੱਥ':

ਇਸ ਕਮੇਟੀ ਵਿੱਚ ਹੇਠ ਲਿਖੇ ਮੈਂਬਰਜ਼ ਸ਼ਾਮਲ ਹੋਣਗੇ।

- ਮਿਸ਼ਨ ਸਮਰੱਥ ਤਹਿਤ ਹੈੱਡ ਆਫ਼ਿਸ ਦੇ ਸਹਾਇਕ ਡਾਇਰੈਕਟਰ ਜੋ ਕਿ ਵੱਖ-ਵੱਖ ਜ਼ਿਲ੍ਹਿਆਂ ਲਈ ਨੋਡਲ ਅਫ਼ਸਰ ਲਗਾਏ ਗਏ ਹਨ।
- 'ਮਿਸ਼ਨ ਸਮਰੱਥ' ਦੀ ਜ਼ਿਲ੍ਹਾ ਪੱਧਰੀ ਮੋਨੀਟਿਰੰਗ ਕਮੇਟੀ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.), ਉਪ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ.), ਡਾਈਟ ਪ੍ਰਿੰਸੀਪਲ ਸ਼ਾਮਲ ਹਨ।
- ਬਲਾਕ ਲੈਵਲ 'ਤੇ ਮਿਸ਼ਨ ਸਮਰੱਥ ਦੀ ਮੋਨੀਟਰਿੰਗ ਬਲਾਕ ਨੋਡਲ ਅਫ਼ਸਰ ਕਰਨਗੇ।

### ਜ਼ਿਲ੍ਹਾ ਅਤੇ ਬਲਾਕ ਮੋਨੀਟਰਿੰਗ ਕਮੇਟੀ ਦੇ ਕੰਮ :

- DEOs(SE), Dy. DEOs(SE) DIET Principal ਅਤੇ BNOs ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਵਿੱਚ ਵਿਜ਼ਿਟ ਕਰਨਗੇ ਜਿਸ ਦਾ ਰੋਸਟਰ ਹਫ਼ਤੇ ਦੇ ਸ਼ੁਰੂ ਵਿੱਚ ਤਿਆਰ ਕਰ ਲਿਆ ਜਾਵੇ।
- ਬਲਾਕ ਨਾਡਲ ਅਫ਼ਸਰ ਸਕੂਲ ਮੁਖੀਆਂ ਨਾਲ਼ ਹਰ ਹਫ਼ਤੇ ਬੁੱਧਵਾਰ ਨੂੰ ਜ਼ੂਮ ਮੀਟਿੰਗ /Physical ਵਿਜ਼ਿਟ ਕਰ ਕੇ 'ਮਿਸ਼ਨ ਸਮਰੱਥ' ਸੰਬੰਧੀ ਬੱਚਿਆਂ ਦੀ ਪ੍ਰਗਤੀ ਬਾਰੇ ਰਿਪੋਰਟ ਇਕੱਠੀ ਕਰਨਗੇ।

- DEO(SE) ਅਤੇ ਜ਼ਿਲ੍ਹਾ ਨੋਡਲ ਅਫ਼ਸਰ ਵੱਲੋਂ ਬੀ.ਐੱਨ.ਓ. ਨਾਲ਼ ਹਰ ਵੀਰਵਾਰ ਮੀਟਿੰਗ ਕਰ ਕੇ ਸਮੂਹ ਬਲਾਕਾਂ ਦੀ 'ਮਿਸ਼ਨ ਸਮਰੱਥ' ਦੀ ਪ੍ਰਗਤੀ ਰਿਪੋਰਟ ਨੂੰ ਰੀਵਿਊ ਕਰਨਗੇ।
- ਹੈੱਡ ਆਫ਼ਿਸ ਤੇ ਉੱਚ ਅਧਿਕਾਰੀ ਅਤੇ ਸਟੇਟ ਮੋਨੀਟਰਿੰਗ ਹਰ ਸ਼ੁੱਕਰਵਾਰ ਨੂੰ DEO(SE), District Nodal officer ਨਾਲ਼ ਮੀਟਿੰਗ ਕਰਨਗੇ।
- ਮਿਸ਼ਨ 'ਸਮਰੱਥ' ਦੇ ਸੰਬੰਧ ਵਿੱਚ ਜ਼ਿਲ੍ਹੇ ਦੇ ਸਕੂਲਾਂ ਦੀ ਵਿਜ਼ਟ ਕਰ ਕੇ ਸਕੂਲ ਮੁਖੀਆਂ ਅਤੇ ਅਧਿਆਪਕਾਂ ਨੂੰ ਮਿਸ਼ਨ 'ਸਮਰੱਥ' ਦੇ ਟੀਚਿਆਂ ਦੀ ਪ੍ਰਾਪਤੀ ਲਈ ਉਤਸ਼ਾਹਿਤ ਕਰਨ ਗੇ ਅਤੇ ਸਕੂਲਾਂ ਦੇ ਵਿਦਿਆਰਥੀਆਂ ਦੀ ਮਿਸ਼ਨ 'ਸਮਰੱਥ' ਵਿੱਚ ਕਾਰਗੁਜ਼ਾਰੀ ਦਾ ਅੰਦਾਜ਼ਾ ਲਗਾਉਣਗੇ।
- ਹੈੱਡ ਆਫ਼ਿਸ ਵੱਲੋਂ ਭੇਜੇ ਜਾ ਣ ਵਾਲ਼ੇ 'ਮਿਸ਼ਨ ਸਮਰੱਥ' ਸੰਬੰਧੀ ਮਟੀਰੀਅਲ ਦੀ ਕੁਆਲਟੀ ਚੈੱਕ ਕਰ ਕੇ ਸਮੇਂ ਸਿਰ ਅਧਿਆਪਕਾਂ ਅਤੇ ਬੱਚਿਆਂ ਤੱਕ ਪਹੁੰਚਦਾ ਹੋਵੇ , ਇਸ ਗੱਲ ਨੂੰ ਯਕੀਨੀ ਬਣਾਉਣਾ ਅਤੇ ਇਸ ਦੀ ਵਿਸਤਰਿਤ ਰਿਪੋਰਟ email: missionsamrath@punjabeducation.gov.in 'ਤੇ ਭੇਜਣੀ।
- 'ਮਿਸ਼ਨ ਸਮਰੱਥ' ਦੇ ਟੀਚੇ, ਮਾਪਦੰਡ, ਟੂਲ ਬਾਰੇ ਪੂਰੀ ਜਾਣਕਾਰੀ ਰੱਖਣਾ।
- ਆਪਣੇ ਬਲਾਕ ਦੇ ਅਧਿਆਪਕਾਂ ਨੂੰ ਉਤਸ਼ਾਹਿਤ ਕਰਨ ਲਈ ਰੋਜ਼ਾਨਾ ਕੋਈ ਵੱਟਸਐਪ ਮੈਸਜ਼ ਭੇਜਣਾ।

**ਸਕੂਲ ਮੁਖੀ :**

- ਵਿਭਾਗ ਵੱਲੋਂ ਭੇਜੀ ਸਮਾਂ-ਸਾਰਨੀ ਅਨੁਸਾਰ ਪਹਿਲੇ ਤਿੰਨ ਪੀਰੀਅਡ 'ਮਿਸ਼ਨ ਸਮਰੱਥ' ਤਹਿਤ ਤਿੰਨੋਂ ਵਿਸ਼ਿਆਂ ਲਈ ਦੇਣਾ ਅਤੇ ਬਾਕੀ ਪੀਰੀਅਡਾਂ ਵਿੱਚ ਪਾਠਕ੍ਰਮ ਲਈ ਦਿੱਤੀ ਸਿਲੇਬਸ ਵੰਡ ਅਨੁਸਾਰ ਕੰਮ ਕਰਵਾਉਣਾ ਯਕੀਨੀ ਬਨਾਉਣਾ।
- ਮਿਸ਼ਨ 'ਸਮਰੱਥ' ਨਾਲ਼ ਸੰਬੰਧਿਤ ਬੈਨਰ , ਪੋਸਟਰ ਆਦਿ ਤਿਆਰ ਕਰਕੇ ਸਕੂਲ, ਪਿੰਡ ਅਤੇ ਹੋਰ ਜਨਤਕ ਥਾਂਵਾਂ 'ਤੇ ਜਾਗਰੂਕ ਕਰਨ ਲਈ ਲਗਾਏ ਜਾਣ ਅਤੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ ਦੇ ਮਾਤਾ- ਪਿਤਾ ਨੂੰ ਜਾਣਕਾਰੀ ਦਿੱਤੀ ਜਾਵੇ।
- ਅਧਿਆਪਕ ਦੁਆਰਾ ਆਪਣੇ ਸਕੂਲ ਦੇ ਛੇਵੀਂ ਤੋਂ ਅੱਠਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਦੇ ਸਿੱਖਣ ਪੱਧਰ ਦੀ ਜਾਚ ਕਰਨਾ ਯਕੀਨੀ ਬਨਾਉਣਾ।
- ਜਾਚ ਉਪਰੰਤ ਜਮਾਤ ਛੇਵੀਂ ਤੋਂ ਅੱਠਵੀਂ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਿੱਖਣ ਪੱਧਰ ਅਨੁਸਾਰ ਸਮੂਹਾਂ ਵਿੱਚ ਵੰਡਣਾ।
- ਜਮਾਤ 9ਵੀਂ ਤੋਂ 12ਵੀਂ ਦੇ ਵਿਦਿਆਰਥੀਆਂ ਨੂੰ ਦਿੱਤੇ ਪਾਠਕ੍ਰਮ ਅਨੁਸਾਰ ਕੰਮ ਕਰਵਾਉਣਾ ਯਕੀਨੀ ਬਣਾਉਣਾ।
- ਜੋ ਵਿਦਿਆਰਥੀ 'ਮਿਸ਼ਨ ਸਮਰੱਥ' ਦਾ ਪਹਿਲਾ ਪੱਧਰ ਪੂਰਾ ਕਰ ਲੈਂਦਾ ਹੈ , ਅਧਿਆਪਕ ਵੱਲੋਂ ਉਸ ਦਾ ਦੁਬਾਰਾ ਮੁਲਾਂਕਣ ਕਰ ਕੇ ਸਕੂਲ ਮੁਖੀ ਨੂੰ ਸੂਚਿਤ ਕਰ ਕੇ ਉਸ ਨੂੰ ਅਗਲੇ ਪੱਧਰ ਵਿੱਚ ਸ਼ਾਮਲ ਕਰ ਲਿਆ ਜਾਵੇ।
- ਮਿਸ਼ਨ ਸਮਰੱਥ ਦਾ ਕੰਨਟੈਂਟ ਹਰੇਕ ਵਿਦਿਆਰਥੀ ਲਈ ਪੂਰਾ ਕਰਨਾ ਜ਼ਰੂਰੀ ਹੈ।
- ਮਿਸ਼ਨ ਸਮਰੱਥ ਤਹਿਤ ਸਕੂਲਾਂ ਵਿੱਚ ਵਿਜ਼ਿਟ ਕਰਨ ਵਾਲੀ ਟੀਮ ਨੂੰ ਪੂਰਾ ਸਹਿਯੋਗ ਦੇਣਾ।

******